**ਸਾਡੀ ਦੂਰ-ਦ੍ਰਿਸ਼ਟੀ:**

ਵਧਦੇ-ਫੁੱਲਦੇ ਬੱਚੇ ਅਤੇ ਯੁਵਕ, ਸਮਰੱਥ ਬਾਲਗ਼, ਮਜ਼ਬੂਤ ਪਰਿਵਾਰ, ਸੰਮਿਲਤ ਭਾਈਚਾਰੇ।

**ਸਾਡਾ ਲਕਸ਼:**

ਜਾਣਕਾਰੀ ਅਤੇ ਉਪਲਬਧ ਸੇਵਾਵਾਂ ਅਤੇ ਸਹਾਰਿਆਂ ਤਕ ਰਸਾਈ ਪ੍ਰਦਾਨ ਕਰਾ ਕੇ ਜੀਵਨ-ਮਿਆਰ ਸੁਧਾਰਨਾ।

ਕਾਂਟੈਕਟ ਹੈਮਿਲਟਨ (Contact Hamilton) ਕਦਰਾਂ-ਕੀਮਤਾਂ ਅਤੇ ਸਿਧਾਂਤਾਂ ਉੱਤੇ ਆਧਾਰਿਤ ਇੱਕ ਅਦਾਰਾ ਹੈ ਜਿਹੜਾ ਆਪਣੇ ਕਾਰਜਾਂ ਅਤੇ ਵਤੀਰੇ ਵਿੱਚ ਇਨ੍ਹਾਂ ਪ੍ਰਤੀ ਨਿਸ਼ਟਾ ਰੱਖਣ ਦਾ ਯਤਨ ਕਰਦਾ ਹੈ।

ਇਸ ਆਸ਼ੇ ਨਾਲ ਕਾਂਟੈਕਟ ਹੈਮਿਲਟਨ ਦਾ ਕੇਂਦਰੀ ***ਭਾਵ*** ***(IDEA)*** ਭਾਵ ਇਹ ਹੈ:

***I***ntegrity (ਇਮਾਨਦਾਰੀ)
*ਕਾਂਟੈਕਟ ਹੈਮਿਲਟਨ ਦਾ ਬੋਰਡ, ਕਰਮਚਾਰੀ ਅਤੇ ਸਵੈ-ਸੇਵਕ ਭਰੋਸੇਮੰਦ, ਇਮਾਨਦਾਰ, ਜ਼ਿੰਮੇਵਾਰ ਹੋਣਗੇ ਅਤੇ ਲੋਕਾਂ ਨਾਲ ਆਦਰ-ਮਾਣ ਸਹਿਤ ਪੇਸ਼ ਆਉਣਗੇ*

***D***iversity (ਵਿਭਿੰਨਤਾ)
*ਕਾਂਟੈਕਟ ਹੈਮਿਲਟਨ ਦਾ ਬੋਰਡ, ਕਰਮਚਾਰੀ ਅਤੇ ਸਵੈ-ਸੇਵਕ ਸੇਵਾ ਦੀ ਬੇਨਤੀ ਕਰਨ ਅਤੇ ਸੇਵਾ ਹਾਸਲ ਕਰਨ ਵਾਲਿਆਂ ਲਈ ਸੰਮਿਲਤ, ਨਿਆਂਕਾਰੀ, ਬਰਾਬਰੀ ਵਾਲੇ, ਖਿੜੇ ਮੱਥੇ ਮਿਲਣ ਵਾਲੇ ਅਤੇ ਸੁਰੱਖਿਅਤ ਜਗ੍ਹਾ ਪ੍ਰਦਾਨ ਕਰਨ ਵਾਲੇ ਹੋਣਗੇ*

***E***mpathy (ਹਮਦਰਦ)
*ਕਾਂਟੈਕਟ ਹੈਮਿਲਟਨ ਦਾ ਬੋਰਡ, ਕਰਮਚਾਰੀ ਅਤੇ ਸਵੈ-ਸੇਵਕ ਹਮਦਰਦ, ਸਾਬਰ ਹੋਣਗੇ ਅਤੇ ਸਹਾਰਾ ਅਤੇ ਸੇਧ ਪ੍ਰਦਾਨ ਕਰਨਗੇ*

***A***ccountability (ਜਵਾਬਦੇਹੀ)
*ਕਾਂਟੈਕਟ ਹੈਮਿਲਟਨ ਦਾ ਬੋਰਡ, ਕਰਮਚਾਰੀ ਅਤੇ ਸਵੈ-ਸੇਵਕ ਪਾਰਦਰਸ਼ੀ ਅਤੇ ਚਾਅ ਨਾਲ ਕੰਮ ਕਰਨ ਵਾਲੇ ਹੋਣਗੇ ਅਤੇ ਸੇਵਾ-ਪ੍ਰਦਾਨਗੀ ਵਿੱਚ ਉੱਤਮਤਾ ਲਈ ਯਤਨਸ਼ੀਲ ਰਹਿਣਗੇ*

*ਜੇ ਸਾਡੇ ਸੇਵਾ ਦੇ ਸਿਧਾਂਤਾਂ ਅਤੇ ਕਦਰਾਂ-ਕੀਮਤਾਂ ਬਾਰੇ ਤੁਸੀਂ ਕੋਈ ਟਿਪਣੀ ਕਰਨੀ ਹੋਵੇ ਤਾਂ ਮਿਹਰਬਾਨੀ ਕਰ ਕੇ* diversity@contacthamilton.ca *ਉੱਤੇ ਭੇਜ ਦਿਉ*